ਕਾਰਵਾਈ ਮੀਟਿੰਗ ਜੋ **ਮਿਤੀ:** 8/6/2020 ਨੂੰ ਸ਼ਾਮ 4.00 ਵਜੇ ਸ੍ਰੀ ਅਰਵਿੰਦ ਪਾਲ ਸਿੰਘ ਸੰਧੂ, ਆਈ.ਏ.ਐਸ, ਡਿਪਟੀ ਕਮਿਸ਼ਨਰ, ਫਾਜਿਲਕਾ ਜੀ ਦੀ ਪ੍ਰਧਾਨਗੀ ਹੇਠ ਸਰਕਾਰੀ ਅਤੇ ਪੰਚਾਇਤਾਂ ਦੇ ਵਿਕਾਸ ਕੰਮਾਂ ਲਈ ਇੱਟਾਂ ਦੇ ਰੇਟ ਨਿਰਧਾਰਿਤ ਕਰਨ ਬਾਰੇ ਕੀਤੀ ਗਈ।

ਇਸ ਮੀਟਿੰਗ ਵਿੱਚ ਹੇਠ ਲਿਖੇ ਮੈਂਬਰ/ਅਧਿਕਾਰੀ ਹਾਜਰ ਆਏ:-

1. ਵਧੀਕ ਡਿਪਟੀ ਕਮਿਸ਼ਨਰ (ਵਿਕਾਸ), ਫਾਜਿਲਕਾ।
2. ਕਾਰਜਕਾਰੀ ਇੰਜੀਨੀਅਰ, ਪੰਚਾਇਤੀ ਰਾਜ, ਫਾਜਿਲਕਾ।
3. ਕਾਰਜਕਾਰੀ ਇੰਜੀਨੀਅਰ, ਉਸਾਰੀ ਮੰਡਲ ਭ ਤੇ ਮ ਸ਼ਾਖਾ, ਫਾਜਿਲਕਾ।
4. ਕਾਰਜਕਾਰੀ ਇੰਜੀਨੀਅਰ, ਪੰਜਾਬ ਮੰਡੀ ਬੋਰਡ, ਫਾਜਿਲਕਾ।।
5. ਜਿਲ੍ਹਾ ਵਿਕਾਸ ਅਤੇ ਪੰਚਾਇਤ ਅਫਸਰ, ਫਾਜਿਲਕਾ।
6. ਜਿਲ੍ਹਾ ਖੁਰਾਕ ਅਤੇ ਸਪਲਾਈ ਕੰਟਰੋਲਰ, ਫਾਜਿਲਕਾ।

ਉਪਰੋਕਤ ਤੋਂ ਇਲਾਵਾ ਜਿਲ੍ਹਾ ਫਾਜਿਲਕਾ ਦੇ ਵੱਖ-ਵੱਖ ਭੱਠਾ ਮਾਲਕਾਂ ਨੇ ਵੀ ਇਸ ਮੀਟਿੰਗ ਵਿਚ ਹਿੱਸਾ ਲਿਆ।

ਮੀਟਿੰਗ ਵਿਚ ਭੱਠਿਆਂ ਦੇ ਮਾਲਕਾਂ ਵੱਲੋਂ ਦੱਸਿਆ ਗਿਆ ਕਿ ਇੱਟਾਂ ਬਣਾਉਣ ਦੇ ਖਰਚੇ ਵਿੱਚ ਵਾਧਾ ਹੋਣ ਕਾਰਨ, ਇੱਟਾਂ ਦੀ ਸਰਕਾਰੀ ਕੀਮਤ ਵਧਾਉਣ ਦੀ ਲੋੜ ਹੈ। ਉਹਨਾਂ ਵਲੋਂ ਇਹ ਵੀ ਦੱਸਿਆ ਗਿਆ ਕਿ ਜਿਲ੍ਹੇ ਵਿਚ ਇੱਟਾਂ ਦੀ ਕੀਮਤ ਮਾਰਚ 2020 ਵਿਚ 4350 ਰੁਪਏ (ਸਮੇਤ ਟੈਕਸ, ਢੋਆ ਢੁਆਈ ਅਲੱਗ) ਪ੍ਰਤੀ ਹਜਾਰ ਇੱਟ ਨਿਰਧਾਰਿਤ ਕੀਤੀ ਗਈ ਸੀ, ਪਰ ਇਹ ਰੇਟ ਘੱਟ ਹਨ ਅਤੇ ਇਸ ਰੇਟ ਤੇ ਉਨ੍ਹਾਂ ਦੀ ਲਾਗਤ ਨਹੀਂ ਆਉਂਦੀ ਹੈ। ਉਹਨਾਂ ਨੇ ਮੀਟਿੰਗ ਵਿਚ ਇੱਟਾਂ ਦੀ ਕੀਮਤ 5000 ਰੁ: ਪ੍ਰਤੀ ਹਜਾਰ ਇੱਟ ਕਰਨ ਦੀ ਮੰਗ ਕੀਤੀ।

ਮੀਟਿੰਗ ਵਿਚ ਮੌਜੂਦ ਸਮੂਹ ਅਧਿਕਾਰੀਆਂ/ਭੱਠਿਆਂ ਦੇ ਨੁਮਾਇੰਦਿਆਂ ਵੱਲੋਂ ਸਰਬ ਸੰਮਤੀ ਨਾਲ ਨਾਲ ਇੱਟਾਂ ਦੀ ਕੀਮਤ 4800 ਰੁ:(ਸਮੇਤ ਟੈਕਸ, ਢੋਆ ਢੁਆਈ ਅਲੱਗ) ਪ੍ਰਤੀ ਹਜਾਰ ਇੱਟ ਕਰਨ ਦੀ ਸਹਿਮਤੀ ਪ੍ਰਗਟਾਈ ਗਈ। ਇਹ ਕੀਮਤ 100 ਪ੍ਰਤੀਸ਼ਤ ਕੋਲੇ ਨਾਲ ਤਿਆਰ ਕੀਤੀ ਪਹਿਲੇ ਦਰਜੇ ਦੀ ਇੱਟ ਦੀ ਹੋਵੇਗੀ। ਕੋਈ ਵੀ ਭੱਠਾ ਮਾਲਕ ਲੋਕ ਹਿੱਤ ਵਿਚ ਚੱਲ ਰਹੇ ਸਰਕਾਰੀ/ਅਰਧ ਸਰਕਾਰੀ ਕੰਮਾਂ ਲਈ ਇੱਟਾਂ ਦੇਣ ਤੋਂ ਇੰਨਕਾਰ ਨਹੀਂ ਕਰੇਗਾ। ਆਉਣ ਵਾਲੇ ਸਮੇਂ ਵਿਚ ਇੱਟਾਂ ਦੀ ਕੀਮਤ ਕੋਲੇ ਦੀ ਕੀਮਤ ਘੱਟਣ ਜਾ ਹੋਰ ਕਾਰਨਾਂ ਕਰਕੇ ਘਟਾਈ ਜਾ ਸਕਦੀ ਹੈ।

ਕਾਰਜਕਾਰੀ ਇੰਜੀਨੀਅਰ, ਪੰਚਾਇਤੀ ਰਾਜ ਅਤੇ ਸਮੂਹ ਬਲਾਕ ਵਿਕਾਸ ਤੇ ਪੰਚਾਇਤ ਅਫਸਰ, ਜਿਲ੍ਹਾ ਫਾਜਿਲਕਾ ਇਹ ਯਕੀਨੀ ਬਣਾਉਣਗੇ ਕਿ ਇੱਟਾਂ ਦੀ ਨਿਰਧਾਰਿਤ ਕੀਤੀ ਗਈ ਕੀਮਤ ਤੋ ਵੱਧ ਕੀਮਤ ਤੇ ਕੋਈ ਵੀ ਗ੍ਰਾਮ ਪੰਚਾਇਤ ਇੱਟਾਂ ਖਰੀਦ ਨਹੀਂ ਕਰੇਗੀ। ਜੇਕਰ ਗ੍ਰਾਮ ਪੰਚਾਇਤ ਨੂੰ ਇੱਟਾਂ 4800 ਰੂਪਏ ਪ੍ਰਤੀ ਹਜਾਰ ਤੋ ਘੱਟ ਕੀਮਤ ਤੇ ਉਪਲੱਬਧ ਹੋਣ ਤਾਂ ਗ੍ਰਾਮ ਪੰਚਾਇਤ ਇੱਟਾਂ ਦੀ ਖਰੀਦ ਕਰ ਸਕਦੀ ਹੈ।

ਇਹ ਹੁਕਮ ਤੁਰੰਤ ਲਾਗੂ ਹੋਣਗੇ।

ਮਿਤੀ: 08/06/2020

08/06/2020

ਵਧੀਕ ਡਿਪਟੀ ਕਮਿਸ਼ਨਰ (ਵਿਕਾਸ)
ਫਾਜਿਲਕਾ।

ਡਿਪਟੀ ਕਮਿਸ਼ਨਰ
ਫਾਜਿਲਕਾ।

ਕਾਰਜਕਾਰੀ ਇੰਜੀਨੀਅਰ,
ਉਸਾਰੀ ਮੰਡਲ ਭ ਤੇ ਮ ਸ਼ਾਖਾ,
ਫਾਜਿਲਕਾ।

ਕਾਰਜਕਾਰੀ ਇੰਜੀਨੀਅਰ
ਪੰਚਾਇਤੀ ਰਾਜ
ਫਾਜਿਲਕਾ।

ਕਾਰਜਕਾਰੀ ਇੰਜੀਨੀਅਰ,
ਪੰਜਾਬ ਮੰਡੀ ਬੋਰਡ, ਫਾਜਿਲਕਾ।

ਜਿਲ੍ਹਾ ਵਿਕਾਸ ਅਤੇ ਪੰਚਾਇਤ ਅਫਸਰ,
ਫਾਜਿਲਕਾ।

ਜਿਲ੍ਹਾ ਖੁਰਾਕ ਅਤੇ ਸਪਲਾਈ ਕੰਟਰੋਲਰ,
ਫਾਜਿਲਕਾ।

ਪਿੱਠ ਅੰਕਣ ਨੰ: 1246-54/ਡੀ.ਏ. ਮਿਤੀ: 22-06-2020

ਇਸ ਦਾ ਉਤਾਰਾ:-

1. ਵਧੀਕ ਡਿਪਟੀ ਕਮਿਸ਼ਨਰ(ਵਿ), ਫਾਜਿਲਕਾ।
2. ਜਿਲ੍ਹਾ ਖੁਰਾਕ ਤੇ ਸਪਲਾਈ ਕੰਟਰੋਲਰ, ਫਾਜਿਲਕਾ।
3. ਜਿਲ੍ਹਾ ਵਿਕਾਸ ਤੇ ਪੰਚਾਇਤ ਅਫਸਰ, ਫਾਜਿਲਕਾ।
4. ਕਾਰਜਕਾਰੀ ਇੰਜੀਨੀਅਰ, ਉਸਾਰੀ ਮੰਡਲ ਭ ਤੇ ਮ ਸ਼ਾਖਾ, ਫਾਜਿਲਕਾ/ਫਿਰੋਜ਼ਪੁਰ।
5. ਕਾਰਜਕਾਰੀ ਇੰਜੀਨੀਅਰ, ਪੰਚਾਇਤੀ ਰਾਜ, ਫਾਜਿਲਕਾ।
6. ਕਾਰਜ਼ਕਾਰੀ ਇੰਜੀਨੀਅਰ, ਪੰਜਾਬ ਮੰਡੀ ਬੋਰਡ, ਫਾਜਿਲਕਾ।
7. ਜਿਲ੍ਹਾ ਇਨਫੋਰਮੇਸ਼ਨ ਅਫਸਰ, ਐਨ.ਆਈ.ਸੀ, ਫਾਜਿਲਕਾ
8. ਜਿਲ੍ਹਾ ਲੋਕ ਸੰਪਰਕ ਅਫਸਰ, ਫਾਜਿਲਕਾ

ਨੂੰ ਸੂਚਨਾ ਅਤੇ ਅਗਲੇਰੀ ਲੋੜੀਦੀ ਕਾਰਵਾਈ ਹਿਤ ਭੇਜਿਆ ਜਾਂਦਾ ਹੈ।

ਡਿਪਟੀ ਕਮਿਸ਼ਨਰ
ਫਾਜਿਲਕਾ